refugee action

working with refugees to build new lives

ਜੇ ਤੁਹਾਨੂੰ ਐਮਰਜੈਂਸੀ ਸਪੋਰਟ ਟੋਕਨ (ਈ ਐਸ ਟੀ) (Emergency Support Token (EST)) ਮਿਲਣ ਦੀਆਂ ਸਮੱਸਿਆਵਾਂ ਹਨ ਤਾਂ

ਫ਼ੋਨ ਕਰੋ

# ਸੋਡੈਕਸੋ (SODEXHO) ਮਦਦਲਾਈਨ

**01252 369 799**

## ਤੁਹਾਡੇ ਲਈ ਜ਼ਰੂਰੀ ਜਾਣਕਾਰੀ:

1. ਸਵੇਰੇ ਫ਼ੋਨ ਕਰਨ ਦੀ ਕੋਸ਼ਿਸ਼ ਕਰੋ - ਉਸ ਵੇਲੇ ਘੱਟ ਵਿਅਸਤ ਹੋ ਸਕਦਾ ਹੈ।

2. ਕਿਸੇ ਨਾਲ ਗੱਲ ਕਰਨ ਲਈ ਤੁਹਾਨੂੰ ਕਾਫੀ ਸਮਾਂ ਉਡੀਕ ਕਰਨੀ ਪਵੇਗੀ। ਫ਼ੋਨ ਉਨੀਂ ਦੇਰ ਹੇਠਾਂ ਨਾ ਰੱਖੋ ਜਿੰਨੀ ਦੇਰ ਤੁਹਾਨੂੰ ਦੱਸਿਆ ਨਹੀਂ ਜਾਂਦਾ ਕਿ ਲਾਈਨਾਂ ਬੰਦ ਹਨ ਅਤੇ ਤੁਹਾਨੂੰ ਦੁਬਾਰਾ ਬਾਅਦ ਵਿਚ ਫ਼ੋਨ ਕਰਨਾ ਚਾਹੀਦਾ ਹੈ।

3. ਆਪਣਾ ਨਾਂ, ਜਨਮ ਤਰੀਕ, ਨੈਸ (NASS) ਹਵਾਲਾ ਨੰਬਰ ਅਤੇ ਪਤਾ ਤਿਆਰ ਰੱਖੋ। ਤੁਹਾਡੇ ਕੋਲੋਂ ਇਸ ਜਾਣਕਾਰੀ ਦੀ ਮੰਗ ਕੀਤੀ ਜਾਵੇਗੀ।

4. ਫ਼ੋਨ ਕਰਨ ਤੋਂ ਬਾਅਦ ਤੁਹਾਡੇ ਐਮਰਜੈਂਸੀ ਸਪੋਰਟ ਟੋਕਨ (Emergency Support Tokens) 48 ਘੰਟਿਆਂ ਵਿਚ ਤੁਹਾਨੂੰ ਮਿਲਣੇ ਚਾਹੀਦੇ ਹਨ। ਇਨ੍ਹਾਂ ਦੇ ਮਿਲਣ ਤਕ ਆਪਣੀ ਰਿਹਾਇਸ਼ ਵਿਚ ਉਡੀਕ ਕਰੋ ਅਤੇ ਆਪਣਾ ਨੈਸ ਹਵਾਲਾ ਨੰਬਰ ਤਿਆਰ ਰਖੋ - ਤੁਹਾਨੂੰ ਇਹ ਟੋਕਨ ਲਿਆਉਣ ਵਾਲੇ ਵਿਅਕਤੀ ਨੂੰ ਵਿਖਾਲਣਾ ਪਵੇਗਾ ਅਤੇ ਟੋਕਨਾ ਲਈ ਦਸਤਖਤ ਕਰਨੇ ਪੈਣਗੇ।

5. ਜੇ ਇਹ ਤੁਹਾਨੂੰ 48 ਘੰਟਿਆਂ ਵਿਚ ਨਾ ਮਿਲੇ ਤਾਂ ਕੋਈ ਸਮੱਸਿਆ ਹੋ ਸਕਦੀ ਹੈ। ਜੇ ਇਸ ਤਰ੍ਹਾਂ ਹੋਇਆ ਤਾਂ ਸਲਾਹ ਕੇਂਦਰ ਵਿਚ ਜਾ ਕੇ ਸਲਾਹ ਲਵੋ।

information